# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ, ਐਸ ਐਸ ਨਗਰ.ਏ.

ਸਿੱਖਿਆ ਭਵਨ ਬਲਾਕ-ਈ (ਪੰਜਾਬ ਸਕੂਲ ਸਿੱਖਿਆ ਬੋਰਡ), ਫੇਜ-8 ਮੋਹਾਲੀ

(ਸੇਵਾਵਾਂ-3 ਸ਼ਾਖਾ)

## ਹੁਕਮ

1.0 ਸਿੱਖਿਆ ਵਿਭਾਗ ਪੰਜਾਬ ਵੱਲੋਂ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿਚ ਕੰਮ ਕਰਦੇ ਮਾਸਟਰ/ ਲੈਕਚਰਾਰ /ਮੁੱਖ ਅਧਿਆਪਕਾਂ/ ਵੋਕੇਸ਼ਨਲ ਮਾਸਟਰ/ ਲੈਕਚਰਾਰ/ ਪ੍ਰਿੰਸੀਪਲ ਦੇ ਕੰਮਾ ਨੂੰ ਸੁਖਾਲਾ ਬਣਾਉਣ ਲਈ ਸਾਰੇ ਕਰਮਚਾਰੀਆਂ/ ਅਧਿਕਾਰੀਆਂ ਦਾ ਸਰਵਿਸ ਅਤੇ ਨਿੱਜੀ ਡਾਟਾ ਡਿਜਿਟੀਲਾਇਜ ਕਰਨ ਲਈ ਪਿਛਲੇ ਲਮੇ ਸਮੇਂ ਤੋਂ ਇਸ ਮੰਤਵ ਲਈ ਤਿਆਰ ਕੀਤੇ ਈ-ਪੋਰਟਲ ਰਾਂਹੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਤਹਿਤ ਸਾਰੇ ਕਰਮਚਾਰੀਆਂ/ ਅਧਿਕਾਰੀਆਂ ਨੂੰ ਇਕ ਯੁਨੀਕ ਆਈ ਡੀ ਨੰਬਰ ਅਲਾਟ ਕੀਤਾ ਗਿਆ ਸੀ। ਇਹ ਈ-ਪੋਰਟਲ ਤਿਆਰ ਕਰਨ ਦਾ ਵਿਭਾਗ ਦਾ ਮੰਤਵ ਇਹ ਹੀ ਸੀ ਕਿ ਸਿੱਖਿਆ ਵਿਭਾਗ ਵਿਚ ਕੰਮ ਕਰ ਰਹੇ ਸਮੂਹ ਕਰਮਚਾਰੀਆਂ/ ਅਧਿਕਾਰੀਆਂ ਦਾ ਸਾਰਾ ਡਾਟਾ ਪਲੇਟ ਫਾਰਮ ਤੇ ਇੱਕਠਾ ਕੀਤਾ ਜਾ ਸਕੇ ਅਤੇ ਵਿਭਾਗ ਨੂੰ ਇਹਨਾਂ ਕਰਮਚਾਰੀਆਂ/ ਅਧਿਕਾਰੀਆਂ ਦੇ ਕਿਸੇ ਵੀ ਕੰਮ ਲਈ ਖੇਤਰੀ ਦਫਤਰਾਂ ਤੋਂ ਕੋਈ ਡਾਟਾ/ਰਿਕਾਰਡ ਮੰਗਵਾਉਣ ਦੀ ਜ਼ਰੂਰਤ ਨਾ ਪਵੇ।

2.0 ਪਰੰਤੂ ਇਸ ਦੇ ਬਾਵਜੂਦ ਅਜੇ ਵੀ ਕਰਮਚਾਰੀਆਂ ਵੱਲੋਂ ਈ-ਪੋਰਟਲ ਤੇ ਆਪਣਾ ਡਾਟਾ, ਜਿਵੇਂ ਕਿ ਉਹਨਾਂ ਦੀ ਵਿਭਾਗ ਵਿੱਖੇ ਪਹਿਲੀ ਹਾਜ਼ਰੀ ਦੀ ਮਿਤੀ, ਉਪਰੰਤ ਨਵੀ ਅਸਾਮੀ ਤੇ ਹਾਜ਼ਰ ਹੋਣ ਦੀ ਮਿਤੀ ਅਤੇ ਆਪਣੀਆਂ ਹੁਣ ਤੱਕ ਦੀਆਂ ਯੋਗਤਾਵਾਂ ਸਬੰਧੀ ਡਾਟਾ ਆਦਿ ਡਾਟਾ, ਸਮੇਂ ਸਮੇਂ ਤੇ ਅਪਲੋਡ ਨਹੀਂ ਕੀਤਾ ਜਾਦਾਂ। ਅਜਿਹਾ ਨਾ ਕਰਨ ਕਾਰਣ ਕਈ ਵਾਰ ਨਿਯਮਾਂ ਮੁਤਾਬਿਕ ਉਨ੍ਹਾਂ ਦੀਆਂ ਸੇਵਾਵਾਂ ਦੇ ਲਾਭ ਸਮੇਂ ਅਨੁਸਾਰ ਦੇਣ ਵਿਚ ਕਰਮਚਾਰੀਆਂ/ ਅਧਿਕਾਰੀਆਂ ਤੇ ਵਿਭਾਗ ਨੂੰ ਬੇਵਜਾ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਦਾ ਹੈ।

3.0 ਉਪਰੋਕਤ ਦੇ ਮੱਦੇਨਜਰ ਈ-ਪੋਰਟਲ ਤੇ ਡਾਟਾ ਅਪਡੇਟ ਕਰਨ ਲਈ ਹੇਠ ਲਿੱਖੇ ਅਨੁਸਾਰ ਹਦਾਇਤ ਕੀਤੀ ਜਾਦੀ ਹੈ:-

3.1 ਸਮੂਹ ਕਰਮਚਾਰੀ/ ਅਧਿਕਾਰੀ ਆਪਣਾ ਸਾਰਾ ਡਾਟਾ ਖੁਦ ਭਰ ਕੇ ਈ-ਪੋਰਟਲ ਤੇ ਅਪਲੋਡ ਕਰਨਗੇ।

3.2 ਸਮੂਹ ਕਰਮਚਾਰੀ/ ਅਧਿਕਾਰੀ ਆਪਣਾ ਮੁਕੰਮਲ ਸਰਵਿਸ ਰਿਕਾਰਡ, ਸਲਾਨਾ ਗੁਪਤ ਰਿਪੋਰਟਾਂ (ਹੁਣ ਤੱਕ), ਯੋਗਤਾ, ਭਾਵ ਆਦਿ ਮੁਢਲੀ ਯੋਗਤਾਂ, ਆਪਣੀ ਪ੍ਰੋਫੈਸ਼ਨਲ ਯੋਗਤਾ, ਉਚੇਰੀ ਯੋਗਤਾ ਅਤੇ ਪੀ.ਐਸ.ਟੀ.ਈ.ਟੀ. ਪਾਸ ਕਰਨ ਸਬੰਧੀ ਸਾਰਾ ਡਾਟਾ ਅਪਲੋਡ ਕਰਨਾ ਯਕੀਨੀ ਬਣਾਉਣਗੇ।

3.3 ਸਮੂਹ ਕਰਮਚਾਰੀ/ ਅਧਿਕਾਰੀ ਆਪਣਾ ਲੋਗ-ਇੰਨ ਆਈ ਡੀ ਅਤੇ ਪਾਸਵਰਡ ਗੁਪਤ ਰੱਖਣਗੇ ਤਾਂ ਜੋ ਕੋਈ ਹੋਰ ਇਹਨਾਂ ਦੇ ਡਾਟੇ ਨੂੰ ਬਦਲ ਨਾ ਸਕੇ।

3.4 ਈ-ਪੋਰਟਲ ਤੇ ਅਪਲੋਡ ਕਰਨ ਲਈ ਅਤੇ ਅਪਲੋਡ ਕੀਤੇ ਡਾਟੇ ਦੀ ਪ੍ਰਮਾਣਿਕਤਾ ਸਬੰਧੀ ਕਰਮਚਾਰੀ/ ਅਧਿਕਾਰੀ ਹਰ ਤਰ੍ਹਾਂ ਨਾਲ ਨਿੱਜੀ ਤੌਰ ਤੇ ਜ਼ਿੰਮੇਵਾਰ ਹੋਣਗੇ।

3.5 ਸਬੰਧਤ ਕਰਮਚਾਰੀ/ ਅਧਿਕਾਰੀ ਡਾਟਾ ਅਪਲੋਡ ਕਰਕੇ ਸਵੈ-ਘੋਸ਼ਣਾਂ ਪੱਤਰ ਆਪਣੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਨੂੰ ਦੇਣਗੇ ਕਿ ਉਸ ਵੱਲੋਂ ਈ-ਪੋਰਟਲ ਤੇ ਆਪਣਾ ਸਹੀ ਡਾਟਾ ਅਪਲੋਡ ਕਰ ਦਿੱਤਾ ਗਿਆ ਹੈ।

4.0 ਇੱਥੇ ਇਹ ਸਪਸ਼ਟ ਕੀਤਾ ਜਾਦਾ ਹੈ ਕਿ ਕਰਮਚਾਰੀ/ਅਧਿਕਾਰੀ ਵਲੋਂ ਈ-ਪੋਰਟਲ ਤੇ ਖੁਦ ਅਪਲੋਡ ਕੀਤੇ ਡਾਟੇ ਦੇ ਆਧਾਰ ਤੇ ਹੀ ਵਿਭਾਗ ਵੱਲੋਂ ਭਵਿੱਖ ਵਿਚ ਇਹਨਾਂ ਕਰਮਚਾਰੀਆਂ/ ਅਧਿਕਾਰੀਆਂ ਦੇ ਸਰਵਿਸ ਸਬੰਧੀ ਸਾਰੇ ਕੰਮ ਕੀਤੇ ਜਾਣਗੇ।

4.1 ਕਰਮਚਾਰੀ/ ਅਧਿਕਾਰੀ ਵੱਲੋਂ ਸਮੇਂ ਸਮੇਂ ਤੇ ਜੋ ਵੀ ਯੋਗਤਾ ਵਿਚ ਵਾਧਾ ਕੀਤਾ ਜਾਦਾ ਹੈ ਉਸ ਨੂੰ ਈ-ਪੋਰਟਲ ਤੇ ਅਪਲੋਡ ਕਰਨ ਦੀ ਜ਼ਿੰਮੇਵਾਰੀ ਕਰਮਚਾਰੀ/ ਅਧਿਕਾਰੀ ਦੀ ਖੁਦ ਦੀ ਹੋਵੇਗੀ।

4.2 ਜੇਕਰ ਕਿਸੇ ਕਰਮਚਾਰੀ/ ਅਧਿਕਾਰੀ ਵੱਲੋਂ ਆਪਣਾ ਡਾਟਾ ਅਪਲੋਡ ਨਹੀਂ ਕੀਤਾ ਜਾਦਾ ਅਤੇ ਉਹ ਇਸ ਕਰਕੇ ਆਪਣੇ ਕਿਸੇ ਵੀ ਸੇਵਾ ਸਬੰਧੀ ਲਾਭ ਤੋਂ ਵਾਝਾਂ ਰਹਿ ਜਾਦਾ ਹੈ ਤਾਂ ਇਸ ਦੀ ਨਰੋਲ ਜ਼ਿੰਮੇਵਾਰੀ ਵੀ ਕੇਵਲ ਤੇ ਕੇਵਲ ਉਸ ਦੀ ਨਿੱਜੀ ਹੋਵੇਗੀ।

4.3 ਜੇਕਰ ਵਿਭਾਗ ਦੇ ਧਿਆਨ ਵਿਚ ਇਹ ਆਉਂਦਾ ਹੈ ਕਿ ਕਿਸੇ ਕਰਮਚਾਰੀ/ ਅਧਿਕਾਰੀ ਵੱਲੋਂ ਆਪਣਾ ਡਾਟਾ ਗਲਤ ਭਰਨ ਕਾਰਣ ਉਸ ਨੂੰ ਸੇਵਾ ਸਬੰਧੀ ਕੋਈ ਵੀ ਅਣਉਚਿਤ ਲਾਭ ਮਿਲਿਆ ਹੈ ਤਾਂ ਉਸ ਵਿਰੁੱਧ ਨਿਯਮਾਂ ਅਨੁਸਾਰ ਵਿਭਾਗੀ ਅਨੁਸ਼ਾਸ਼ਨੀ ਕਾਰਵਾਈ ਵੀ ਆਰੰਭੀ ਜਾਏਗੀ ਅਤੇ ਇਸ ਦੀ ਨਿਰੋਲ ਜ਼ਿੰਮੇਵਾਰੀ ਵੀ ਕਰਮਚਾਰੀ/ ਅਧਿਕਾਰੀ ਦੀ ਨਿੱਜੀ ਹੋਵੇਗੀ।

5.0 ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸ), ਸਬੰਧਤ ਮਾਸਟਰ/ ਲੈਕਚਰਾਰ /ਮੁੱਖ ਅਧਿਆਪਕਾਂ/ ਵੋਕੇਸ਼ਨਲ ਮਾਸਟਰ/ ਲੈਕਚਰਾਰ/ ਪ੍ਰਿੰਸੀਪਲ ਤੋਂ ਡਾਟਾ ਅਪਲੋਡ ਕਰਨ ਸਬੰਧੀ ਸਵੈ-ਘੋਸ਼ਣਾ ਪੱਤਰ ਲੈਣਗੇ ਕਿ ਉਸ ਵੱਲੋਂ ਈ-ਪੋਰਟਲ ਤੇ ਡਾਟਾ ਅਪਲੋਡ ਕਰ ਦਿੱਤਾ ਗਿਆ ਹੈ ਅਤੇ ਜੋ ਡਾਟਾ ਉਸ ਵੱਲੋਂ ਅਪਲੋਡ ਕੀਤਾ ਗਿਆ ਹੈ ਉਹ ਸਹੀ ਹੈ।

6.0 ਇਹ ਹੁਕਮ ਉਹਨਾਂ ਮਾਸਟਰ/ ਲੈਕਚਰਾਰ /ਮੁੱਖ ਅਧਿਆਪਕਾਂ/ ਵੋਕੇਸ਼ਨਲ ਮਾਸਟਰ/ ਲੈਕਚਰਾਰ/ ਪ੍ਰਿੰਸੀਪਲ ਤੇ ਵੀ ਲਾਗੂ ਹੋਣਗੇ ਜੋ ਇਸ ਸਮੇਂ ਚੰਡੀਗੜ੍ਹ (ਯੂ.ਟੀ) ਵਿਖੇ ਡੈਪੂਟੇਸ਼ਨ ਤੇ ਕੰਮ ਕਰ ਰਹੇ ਹਨ।

7.0 ਉਪਰੋਕਤ ਅਨੁਸਾਰ ਸਮੂਹ ਕਰਮਚਾਰੀ/ਅਧਿਕਾਰੀ ਆਪਣਾ ਡਾਟਾ ਈ-ਪੰਜਾਬ ਪੋਰਟਲ ਤੇ 5 ਦਿਨਾਂ ਦੇ ਅੰਦਰ-ਅੰਦਰ ਅੱਪਲੋਡ ਕਰਨਾ ਯਕੀਨੀ ਬਣਾਉਣਗੇ।

ਡਾਇਰੈਕਟਰ ਜਨਰਲ ਸਿੱਖਿਆ ਵਿਭਾਗ, ਪੰਜਾਬ

ਪਿੰਠ ਅੰਕਣ ਨੰ: 15/14 - 2ਐ 3(5) ਮਿਤੀ: 12-4-22

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਦਾ ਹੈ-:

1. ਸਕੱਤਰ ਸਕੂਲ ਸਿੱਖਿਆ ਵਿਭਾਗ, ਪੰਜਾਬ।
2. ਡਾਇਰੈਕਟਰ ਸਿਖਿਆ ਵਿਭਾਗ ,(ਸਿ.ਐ)ਪੰਜਾਬ।
3. ਸਮੂਹ ਜਿਲਾ ਸਿੱਖਿਆ ਅਫਸਰ ,(ਸਿ.ਐ) ਅਤੇ (ਸਿ.ਸੈ)ਪੰਜਾਬ ਰਾਜ।
4. ਪੰਜਾਬ ਰਾਜ ਦੇ ਸਮੂਹ ਸਕੂਲ ਮੁੱਖੀ।
5. ਪੰਜਾਬ ਰਾਜ ਦੇ ਉਹ ਅਧਿਆਪਕ ਜੋ ਚੰਡੀਗੜ੍ਹ ਯੂ. ਟੀ. ਵਿਖੇ ਡੈਪੁਟੇਸ਼ਨ ਤੇ ਤੈਨਾਤ ਹਨ।

ਡਾਇਰੈਕਟਰ ਜਨਰਲ ਸਿੱਖਿਆ ਵਿਭਾਗ, ਪੰਜਾਬ